# Indian nationals on board Diamond Princess cruise ship off Japan coast brought back in a special flight

February 27, 2020

........................................................................................................................................

# ਜਾਪਾਨ ਨੇੜੇ ਡਾਇਮੰਡ ਪ੍ਰਿੰਸੇਸ ਕ੍ਰੂਜ਼ ਸਮੁੰਦਰੀ ਜਹਾਜ਼ 'ਤੇ ਸਵਾਰ ਭਾਰਤੀ ਨਾਗਰਿਕ ਵਿਸ਼ੇਸ਼ ਉਡਾਣ ਰਾਹੀਂ ਵਾਪਸ ਪਰਤੇ

27 ਫਰਵਰੀ, 2020

1. ਏਅਰ ਇੰਡੀਆ ਦੀ ਇੱਕ ਵਿਸ਼ੇਸ਼ ਫਲਾਈਟ 27 ਫਰਵਰੀ, 2020 ਨੂੰ ਟੋਕਿਓ ਤੋਂ ਨਵੀਂ ਦਿੱਲੀ ਪੁੱਜੀ, ਜਿਸ ਵਿਚ 119 ਭਾਰਤੀ ਨਾਗਰਿਕ (ਚਾਲਕ ਦਲ ਦੇ 113 ਮੈਂਬਰ ਅਤੇ 6 ਯਾਤਰੀ) ਸ਼ਾਮਲ ਸਨ, ਜੋ ਜਾਪਾਨ ਦੇ ਯੋਕੋਹਾਮਾ ਵਿਖੇ ਲੰਗਰ ਲਾਏ ਹੋਏ ਡਾਇਮੰਡ ਪ੍ਰਿੰਸੇਸ ਕ੍ਰੂਜ਼ ਨਾਮੀ ਸਮੁੰਦਰੀ ਜਹਾਜ਼ 'ਤੇ ਸਵਾਰ ਸਨ। ਭਾਰਤ ਦੀ "ਪਹਿਲਾਂ ਗੁਆਂਢੀ" ਨੀਤੀ ਅਤੇ ਭਾਰਤੀ-ਪ੍ਰਸ਼ਾਂਤ ਫਲਸਫੇ ਮੁਤਾਬਕ ਇਸ ਵਿਸ਼ੇਸ਼ ਫਲਾਈਟ ਰਾਹੀਂ 5 ਵਿਦੇਸ਼ੀ ਨਾਗਰਿਕਾਂ ਨੂੰ ਵੀ ਸੁਰਖਿਅਤ ਬਾਹਰ ਲਿਆਂਦਾ ਗਿਆ, ਜਿਨ੍ਹਾਂ ਵਿਚ 2 ਨਾਗਰਿਕ ਸ਼੍ਰੀ ਲੰਕਾ ਤੋਂ, 1 ਨੇਪਾਲ ਤੋਂ, 1 ਦੱਖਣੀ ਅਫਰੀਕਾ ਤੋਂ ਅਤੇ 1 ਪੇਰੂ ਤੋਂ ਸੀ। ਸੁਰਖਿਅਤ ਲਿਆਂਦੇ ਗਏ ਸਾਰੇ ਵਿਅਕਤੀ ਹਰਿਆਣਾ ਦੇ ਮਾਨੇਸਰ ਵਿਖੇ ਭਾਰਤੀ ਸੈਨਾ ਦੁਆਰਾ ਸਥਾਪਤ ਕੀਤੀ ਕੁਆਰੰਟੀਨ ਸੁਵਿਧਾ ਅੰਦਰ 14 ਦਿਨਾਂ ਦੇ ਕੁਆਰੰਟੀਨ ਵਿਚ ਰਹਿਣਗੇ।

ਅਮਲੇ ਦੇ 3 ਭਾਰਤੀ ਮੈਂਬਰਾਂ ਨੇ ਇਸ ਵਿਸ਼ੇਸ਼ ਫਲਾਈਟ 'ਚ ਯਾਤਰਾ ਨਹੀਂ ਕੀਤੀ ਅਤੇ ਕ੍ਰੂਜ਼ ਜਹਾਜ਼ ਅੰਦਰ ਹੀ ਜਾਪਾਨੀ ਸਰਕਾਰ ਵੱਲੋਂ ਨਿਰਧਾਰਤ ਕੁਆਰੰਟੀਨ ਦੀ ਵਧੇਰੇ ਲੰਬੀ ਮਿਆਦ ਪੂਰਾ ਕਰਨ ਦੀ ਆਪਣੀ ਇੱਛਾ ਜ਼ਾਹਰ ਕੀਤੀ।

ਮੂਲ ਤੌਰ ਤੇ ਡਾਇਮੰਡ ਪ੍ਰਿੰਸਿਸ 'ਤੇ ਸਵਾਰ ਕੁਲ 138 ਭਾਰਤੀ ਨਾਗਰਿਕਾਂ ਵਿੱਚੋਂ ਚਾਲਕ ਦਲ ਦੇ 16 ਭਾਰਤੀ ਮੈਂਬਰ ਕੋਰੋਨਾਵਾਇਰਸ -2019 (COVID-19) ਪੋਜ਼ੀਟਿਵ ਪਾਏ ਗਏ ਹਨ ਅਤੇ ਉਨ੍ਹਾਂ ਦਾ ਜਾਪਾਨੀ ਤਟ 'ਤੇ ਹੀ ਡਾਕਟਰੀ ਸਹੂਲਤਾਂ ਵਿੱਚ ਲੋੜੀਂਦੀ ਦੇਖਭਾਲ ਅਤੇ ਇਲਾਜ ਕੀਤਾ ਜਾ ਰਿਹਾ ਹੈ। ਟੋਕਿਓ ਵਿਖੇ ਭਾਰਤੀ ਦੂਤਘਰ ਨੇ ਇਨ੍ਹਾਂ ਵਿਅਕਤੀਆਂ ਨਾਲ ਸੰਪਰਕ ਸਥਾਪਤ ਕੀਤਾ ਹੈ ਅਤੇ ਉਨ੍ਹਾਂ ਦੀ ਸਿਹਤਯਾਬੀ ਬਾਰੇ ਲਗਾਤਾਰ ਪੁੱਛਗਿੱਛ ਕਰ ਰਹੀ ਹੈ।

4. ਇਸ ਸਮੁੰਦਰੀ ਜਹਾਜ਼ ਨੂੰ 5 ਫਰਵਰੀ, 2020 ਤੋਂ 19 ਫਰਵਰੀ 2020 ਤੱਕ 14 ਦਿਨਾਂ ਲਈ ਕੁਆਰੰਟੀਨ ਕੀਤਾ ਗਿਆ ਸੀ, ਕਿਉਂਕਿ ਇਸ ਸਮੁੰਦਰੀ ਜਹਾਜ਼ 'ਤੋਂ ਉਤਰਨ ਵਾਲੇ ਇੱਕ ਯਾਤਰੀ ਦਾ ਕੋਵਿਡ -19 ਟੈਸਟ ਪੋਜ਼ੀਟਿਵ ਨਿਕਲਿਆ ਸੀ। ਜਪਾਨੀ ਸਰਕਾਰ ਨੇ ਕੁਆਰੰਟੀਨ ਦੀ ਮਿਆਦ ਵਧਾ ਦਿੱਤੀ ਸੀ ਕਿਉਂਕਿ ਚਾਲਕ ਦਲ ਦੇ ਮੈਂਬਰ 14 ਦਿਨਾਂ ਦੇ ਸ਼ੁਰੂਆਤੀ ਕੁਆਰੰਟੀਨ ਦੌਰਾਨ ਆਪਣੀ ਰੂਟੀਨ ਦੀ ਡਿਊਟੀ ਨਿਭਾਂਦੇ ਰਹੇ ਸਨ।

ਨਵੀਂ ਦਿੱਲੀ
27 ਫਰਵਰੀ, 2020

DISCLAIMER : This is an approximate translation. The original is available in English on MEA's website and may be referred to as the official press release.